28397

# ਪ੍ਰਵੇਸ਼

"ਤਾਲੀਮ ਵੀ ਲੂਣ ਵਾਂਗੂੰ ਓਦੋਂ ਫਾਇਦਾ ਕਰਦੀ ਹੈ, ਜਦੋਂ ਬੜੀ ਥੋੜੀ ਮਿਕਦਾਰ ਵਿਚ ਦਿਤੀ ਜਾਏ" ਇਹ ਨਿਕੋਲਸ ਦੇ ਵਜ਼ੀਰੇ ਤਾਲੀਮ ਨੇ ਆਖਿਆ ਸੀ, ਪਰ ਉਸ ਵਿਚਾਰੇ ਨੂੰ ਕੀ ਪਤਾ ਸੀ ਕਿ ਉਸ ਦੇ ਮਗਰੇ ਇਨਕਲਾਬ ਦਾ ਅਰੁਕਵਾਂ ਹੜ੍ਹ ਪੁਰਾਣੇ ਖਿਆਲਾਂ ਦੇ ਕੂੜੇ ਨੂੰ ਹੂੰਝੀ ਚਲਿਆ ਆ ਰਿਹਾ ਹੈ।

ਮਨੁੱਖ ਨੇ ਸਦੀਆਂ ਦੀ ਅਨਥੱਕ ਮਿਹਨਤ ਨਾਲ ਬੜਾ ਕੁਝ ਇਕਠਾ ਕੀਤਾ ਪਰ ਕੌਣ ਜਾਣਦਾ ਹੈ ਕਿ ਕਿਸ ਵੇਲੇ ਉਹਦਾ ਸਭ ਕੁਝ ਜੰਗੀ ਭਾਂਬੜ ਦੀ ਲਪੇਟ ਵਿਚ ਆ ਕੇ ਸੁਆਹ ਦੀ ਢੂੰਢੀ ਹੋ ਜਾਏ। ਆਸ਼ਾਵਾਦੀ ਮਨੁੱਖ ਦੀਆਂ ਅੱਖਾਂ ਅਡੀਆਂ ਚੁੱਕ ਚੁੱਕ ਆਪਣੇ ਰਾਹ ਵਲ ਤੱਕ ਰਹੀਆਂ ਹਨ, ਜੀਕਰ ਉਹ ਕਹਿ ਰਹੀਆਂ ਹੋਣ ਕਿ ਜੰਗ ਦੇ ਧੁੰਦਲੇ ਘੁਸਮੁਸੇ ਵਿਚੋਂ ਜ਼ਰੂਰ ਇਕ ਪੂਰਨ ਸਮਾਜ ਚਮਕੇਗਾ ਤੇ ਦੁਨੀਆ ਦੇ ਬਚਿਆਂ ਦੀ ਉਨਤੀ ਲਈ ਦੁਨੀਆ ਦੇ ਬੰਦਿਆਂ ਦੀਆਂ ਹਿੱਕਾਂ ਵਿਚ ਇਕ ਸਾਂਝੀ ਤੜਪ ਚੰਸੇਗੀ।

ਬਰਬਾਦੀ ਦੇ ਕੰਢੇ ਬੇ-ਵਸ ਖਲੋਤਾ ਹਿੰਦੁਸਤਾਨ, ਅਜੇ ਤਕ ਆਪਣੇ ਬਚਿਆਂ ਲਈ ਕੁਝ ਵੀ ਨਹੀਂ ਕਰ ਸਕਿਆ। ਸਾਵੀਅਟ ਸਰਕਾਰ ਆਪਣੇ ਬਚਿਆਂ ਲਈ ਕੀ ਕੁਝ ਕਰ ਸਕੀ ਹੈ ਤੇ ਤੁਸਾਂ ਅਪਣੇ ਬਚਿਆਂ ਲਈ ਕੇਹੋ ਜੇਹੀ ਦੁਨੀਆ ਬਨਾਣੀ ਹੈ ਇਨ੍ਹਾਂ ਸਫ਼ਿਆਂ ਵਿਚ ਦਸਣ ਦਾ ਜਤਨ ਕੀਤਾ ਹੈ।

BARBAR DYAL SINGH LIBRARY LAHORE

ਹਰਬੰਸ ਸਿੰਘ
ਐਮ. ਏ. ਬੀ. ਟੀ.
ਪ੍ਰੀਤ ਨਗਰ

ਪਰ ਜਿਉਂ ਜਿਉਂ ਮਜ਼ਦੂਰ ਹਕੂਮਤ ਦੀਆਂ ਉਸਾਰੂ ਸਕੀਮਾਂ ਸਿਰੇ ਚੜ੍ਹਦੀਆਂ ਗਈਆਂ, ਉਥੋਂ ਹੋ ਕੇ ਆਉਣ ਵਾਲਿਆਂ ਵਲੋਂ ਅਖ਼ਬਾਰਾਂ ਤੇ ਰਸਾਲਿਆਂ ਵਿਚ ਮਜ਼ਮੂਨ ਛਪਣ ਲਗ ਗਏ, ਜਿਨ੍ਹਾਂ ਵਿਚ ਰੂਸ ਬਾਰੇ ਸਹੀ ਹਾਲਾਤ ਤੇ ਰੌਸ਼ਨੀ ਪਾਈ ਜਾਣ ਲਗ ਪਈ।

ਪਰ ਅਜੇ ਤਕ ਵੀ ਲੋਕਾਂ ਉਤੇ ਪਹਿਲੋਂ ਸੁੱਟੇ ਵਿਚਾਰਾਂ ਦੇ ਛਿੱਟਿਆਂ ਦੇ ਦਾਗ਼ ਮੌਜੂਦ ਹਨ। ਤੇ ਖ਼ਾਸ ਤੌਰ ਤੇ ਉਥੋਂ ਦੇ 'ਘਰੋਗੀ ਜੀਵਨ' ਤੇ 'ਇਖ਼ਲਾਕ' ਬਾਰੇ ਲੋਕਾਂ ਨੂੰ ਕਈ ਸ਼ਕ ਹਨ।

ਜ਼ਾਰ ਦੇ ਜ਼ਮਾਨੇ ਘਰਾਂ ਵਿਚ ਬਚਿਆਂ ਨੂੰ ਕੋਹਣਾ ਇਕ ਪ੍ਰਚਲਤ ਰਵਾਜ ਸੀ। ਘਰ ਵਿਚ ਲੜਕੀ ਦਾ ਪੈਦਾ ਹੋਣਾ ਬਦ-ਸ਼ਗਨੀ ਸਮਝੀ ਜਾਂਦੀ ਸੀ ਤੇ ਪੰਜ ਛੀ ਸਾਲ ਦੀ ਉਮਰ ਵਿਚ ਹੀ ਉਸ ਤੇ ਸਾਰੇ ਘਰ ਦੇ ਕੰਮਾਂ ਦਾ ਬੋਝ ਸੁਟ ਦਿੱਤਾ ਜਾਂਦਾ ਸੀ ਤੇ ਰਸੋਈ ਦਾ ਸਾਰਾ ਨਿਕਾ ਮੋਟਾ ਕੰਮ ਉਸੇ ਨੂੰ ਕਰਨਾ ਪੈਂਦਾ ਸੀ। ਲੜਕਿਆਂ ਦੀ ਹਾਲਤ ਕੋਈ ਘਟ ਨਿਘਰੀ ਹੋਈ ਨਹੀਂ ਸੀ, ਉਨ੍ਹਾਂ ਨੂੰ ਵੀ ਬਚਪਨ ਵਿਚ ਹੀ ਫੈਕਟਰੀਆਂ ਉਡੀਕ ਰਹੀਆਂ ਹੁੰਦੀਆਂ ਸਨ। ਤੇ ਖੇਡਣ ਮੱਲਣ ਦੀ ਉਮਰੇ ਹੀ ਫੈਕਟਰੀਆਂ ਦੀ ਧੁਆਂਖ ਵਿਚ ਦਸ ਦਸ ਘੰਟੇ ਚਿਮਨੀਆਂ ਦੀਆਂ ਕਾਲਖ਼ਾਂ ਨਾਲ ਘੁਲਣਾ ਪੈਂਦਾ ਸੀ।

ਫ਼ੈਕਟਰੀਆਂ ਵਿਚ ਕੰਮ ਕਰਨ ਵਾਲੀਆਂ ਔਰਤਾਂ ਦੀ ਹਾਲਤ ਕੋਈ ਘਟ ਤਰਸ ਯੋਗ ਨਹੀਂ ਸੀ। ਕਈ ਵਾਰੀ ਬਚਿਆਂ ਵਾਲੀਆਂ ਔਰਤਾਂ ਨੂੰ ਫ਼ੈਕਟਰੀ ਦੇ ਕੰਮ ਦੇ ਇਲਾਵਾ ਘਰ ਦਾ ਸਾਰਾ ਪ੍ਰਬੰਧ ਵੀ ਆਪ ਕਰਨਾ ਪੈਂਦਾ ਸੀ।

ਇਸ ਤਰ੍ਹਾਂ ਦੇ ਥੱਕੇ ਟੁਟੇ, ਅਧ-ਰੱਜੇ ਤੇ ਅਧ-ਕੱਜੇ ਮਾਪੇ ਆਪਣੀ ਪਨੀਰੀ ਨੂੰ ਨਿੱਘਾ ਪਿਆਰ ਕਦ ਦੇ ਸਕਦੇ ਸਨ? ਇਸ ਦਾ ਇਹ ਭਾਵ ਨਹੀਂ ਕਿ ਉਨ੍ਹਾਂ ਵਿਚ ਬੱਚਿਆਂ ਲਈ ਮਹਿਸੂਸ ਕਰਨ ਦੀ ਸ਼ਕਤੀ ਨਹੀਂ ਸੀ, ਅਸਲ ਵਿਚ ਉਨ੍ਹਾਂ ਨੂੰ ਜੀਣ ਦੀ ਦੌੜ-ਭਜ ਤੇ ਸ਼ਰਾਬ ਦੇ ਚਸਕੇ ਨੇ ਏਨਾ ਨੀਵਾਂ ਕਰ ਦਿੱਤਾ ਸੀ ਕਿ ਉਨ੍ਹਾਂ ਦੇ ਕੋਮਲ ਜਜ਼ਬੇ, ਮੁਰਦਾ ਨਹੀਂ ਤਾਂ



ਅਧ-ਮੁਰਦਾ ਜ਼ਰੂਰ ਹੋ ਚੁਕੇ ਸਨ। ਰੂਸ ਵਿਚ ਥੋੜੇ ਹੀ ਬੱਚੇ ਸਨ, ਜਿਨ੍ਹਾਂ ਨੂੰ ਖਾਣ ਲਈ ਜ਼ਿਆਦਾ ਮਿਲਦਾ ਸੀ ਪਰ ਆਮ ਤੌਰ ਤੇ ਜਿਸ ਨੂੰ ਰੋਜ਼ਾਨਾ ਇਕ ਵੇਲੇ ਸਾਦੀ ਖ਼ੁਰਾਕ ਮਿਲ ਜਾਂਦੀ ਸੀ ਉਹ ਖ਼ੁਸ਼ ਕਿਸਮਤਾ ਹੀ ਗਿਣਿਆ ਜਾਂਦਾ ਸੀ।

ਜ਼ਾਰ ਦੇ ਜ਼ਮਾਨੇ ਵਿਚ ਬੱਚਿਆਂ ਦੀਆਂ ਖੇਡਾਂ ਤੇ ਜੀ ਪਰਚਾਵੇ ਦਾ ਕੋਈ ਇੰਤਜ਼ਾਮ ਨਹੀਂ ਸੀ। ਅਵਲ ਤੇ ਬੱਚਿਆਂ ਨੂੰ ਵੇਹਲ ਹੀ ਘਟ ਮਿਲਦਾ, ਤੇ ਜੇ ਕਦੇ ਮਿਲ ਵੀ ਜਾਂਦਾ ਤਾਂ ਉਨ੍ਹਾਂ ਲਈ ਗੰਦੀਆਂ ਗਲੀਆਂ ਜਾਂ ਰੜੀਆਂ ਥਾਵਾਂ ਤੇ ਖੇਡ ਕੇ ਸਮਾਂ ਗੁਜ਼ਾਰਨ ਦੇ ਸਿਵਾ ਹੋਰ ਕੋਈ ਵਸੀਲਾ ਨਹੀਂ ਸੀ। ਜ਼ਾਰ ਦੇ ਜ਼ਮਾਨੇ ਦੇ ਅਫ਼ਸਰਾਂ ਨੂੰ ਇਹ ਸੋਚਣ ਦੀ ਕਦੇ ਲੋੜ ਹੀ ਮਹਿਸੂਸ ਨਹੀਂ ਸੀ ਹੋਈ ਕਿ ਐਥਲੀਟਾਂ ਨੂੰ ਵੀ ਕਿਸੇ ਟ੍ਰੇਨਿੰਗ ਦੀ ਲੋੜ ਹੈ। ਉਪਰਲੇ ਤਬਕੇ ਵਿਚ ਚੰਦ ਗਿਣਤੀ ਦੀਆਂ ਕਲਬਾਂ ਨੂੰ ਸਰਕਾਰੀ ਖ਼ਜ਼ਾਨੇ ਵਿਚੋਂ ਮਦਦ ਦਿਵਾ ਦੇਣ ਨਾਲ ਹੀ ਉਨ੍ਹਾਂ ਦਾ ਫ਼ਰਜ਼ ਪੂਰਾ ਹੋ ਜਾਂਦਾ। ਏਥੇ ਹੀ ਬਸ ਨਹੀਂ, ਸਗੋਂ ਹਕੂਮਤ ਆਮ ਜਨਤਾ ਲਈ ਖੇਡ-ਕਲਬਾਂ ਜਾਰੀ ਹੋਣ ਦੇਣ ਦੇ ਖ਼ਿਲਾਫ਼ ਸੀ, ਕਿਉਂਕਿ ਹਰ ਕਿਸਮ ਦੇ ਇਕਠ ਨੂੰ ਹਕੂਮਤ ਸ਼ਕ ਦੀਆਂ ਨਜ਼ਰਾਂ ਨਾਲ ਵੇਖਦੀ ਸੀ – ਏਥੋਂ ਤੀਕ ਕਿ ਲੈਸ਼ਾਰਟ ਨੂੰ ਜਿਸ ਨੇ ਜਨਤਾ ਵਿਚ ਸਿਹਤ ਦੇ ਆਦਰਸ਼ ਦੇ ਪ੍ਰਚਾਰ ਲਈ ਜ਼ਿਦ ਕੀਤੀ, ਫਾਂਸੀ ਤੇ ਲਟਕਾ ਦਿੱਤਾ ਗਿਆ। ੧੯੧੩ ਦੇ ਮਾਸਕੋ ਵਿਚ ਸਿਰਫ ੨੦ ਟੈਨਿਸ ਕਲਬਾਂ ਸਨ, ਲੇਕਿਨ ਅਜ ੪੦੦ ਤੋਂ ਵੀ ਜ਼ਿਆਦਾਂ ਹਨ।

ਇਨਕਲਾਬ ਤੋਂ ਪਹਿਲਾਂ ਦੇ ਰੂਸ ਵਿਚ ਸਿਰਫ ੨੦,੦੦੦ ਡਾਕਟਰ ਸਨ ਲੇਕਿਨ ਅਜ ਇਸ ਤੋਂ ਪੰਜ ਗੁਣਾਂ ਹਨ। ਬਚਿਆਂ ਦੀ ਸਿਹਤ ਦਾ ਕੋਈ ਪ੍ਰਬੰਧ ਨਹੀਂ ਸੀ। ਬਸ ਬੱਚੇ ਪੈਦਾ ਕਰ ਦਿਤੇ! ਜਿੰਨੇ ਬਚ ਗਏ ਬਚ ਗਏ, ਜਿੰਨੇ ਮਰ, ਗਏ ਮਰ ਗਏ, ਕੋਈ ਫਿਕਰ ਵਾਲੀ ਗਲ ਨਹੀਂ ਸੀ। ੩੦% ਦੇ ਲਗ ਪਗ ਦੋ ਸਾਲ ਤੋਂ ਛੋਟੀ ਉਮਰ ਵਿਚ ਹੀ ਮਰ ਜਾਂਦੇ ਸਨ ਲੇਕਿਨ ਅਜ ਇਹ ਮੌਤ ਦੀ ਰਫਤਾਰ ੧੦% ਤੋਂ ਵੀ ਘਟ ਹੈ।

੧੮੮੫ ਦੇ ਮਾਸਕੋ ਵਿਚ ੧੪ ਸਾਲ ਦੇ ਲੜਕੇ ਦਾ ਔਸਤ ਕਦ ਅਜ

# ਸੋਵੀਅਟ-ਮਿਤ੍ਰ ਮੰਡਲ ਵਲੋਂ

## ਛਪਣ ਵਾਲੀਆਂ ਕਿਤਾਬਾਂ

੧. ਸੋਵੀਅਟ ਯੂਨੀਅਨ ਵਿਚ ਕੌਮੀ ਘਟ-ਗਿਣਤੀਆਂ [ਛਪ ਚੁਕੀ ਹੈ

੨. ਸੋਵੀਅਟ ਯੂਨੀਅਨ ਵਿਚ ਬੱਚੇ [ਛਪ ਚੁਕੀ ਹੈ

੩. ਸੋਵੀਅਟ ਯੂਨੀਅਨ ਵਿਚ ਇਸਤ੍ਰੀ

੪. ਸੋਵੀਅਟ ਯੂਨੀਅਨ ਵਿਚ ਮਜ਼੍ਹਬ

੫. ਸੋਵੀਅਟ ਯੂਨੀਅਨ ਵਿਚ ਤਾਲੀਮ

੬. ਸੋਵੀਅਟ ਯੂਨੀਅਨ ਵਿਚ ਲੋਕ-ਰਾਜ

੭. ਸੋਵੀਅਟ ਯੂਨੀਅਨ ਵਿਚ ਸਾਇੰਸ

੮. ਸੋਵੀਅਟ ਯੂਨੀਅਨ ਵਿਚ ਕਾਨੂੰਨ ਤੇ ਇਨਸਾਫ਼

੯. ਸੋਵੀਅਟ ਯੂਨੀਅਨ ਵਿਚ ਥੀਏਟਰ ਤੇ ਸਿਨੇਮਾ

੧੦. ਸੋਵੀਅਟ ਯੂਨੀਅਨ ਵਿਚ ਮਜ਼ਦੂਰ


## ਪ੍ਰੀਤ ਲੜੀ ਪਬਲਿਸ਼ਰਜ਼

ਪ੍ਰੀਤ ਨਗਰ


# ਸੋਵੀਅਟ ਯੂਨੀਅਨ ਵਿਚ ਬੱਚੇ

## ਇਨਕਲਾਬ ਤੋਂ ਪਹਿਲਾਂ

੧੯੧੭ ਤੋਂ ਪਹਿਲਾਂ ਰੂਸ ਵਿਚ ਬੱਚੇ ਨੂੰ ਬੋੜ੍ਹ ਦੀ ਇਕ ਮਾਮੂਲੀ ਜੇਹੀ ਗੋਲ੍ਹ ਹੀ ਖ਼ਿਆਲ ਕੀਤਾ ਜਾਂਦਾ ਸੀ, ਪਰ ਇਨਕਲਾਬੀਆਂ ਨੂੰ ਇਸ ਗੋਲ੍ਹ ਵਿਚ ਕਿਸੇ ਹੋਣ ਵਾਲੇ ਬੋੜ੍ਹ ਦੀ ਸੰਭਾਵਨਾ ਪ੍ਰਤੱਖ ਦਿਸ ਰਹੀ ਸੀ ਤੇ ਇਸੇ ਗਲ ਨੂੰ ਮੁਖ ਰਖ ਕੇ ਸੋਵੀਅਟਾਂ ਨੇ ਸ਼ੁਰੂ ਤੋਂ ਹੀ ਆਪਣੇ ਬਚਿਆਂ ਲਈ ਉਹ ਕੁਝ ਕੀਤਾ ਜਿਹੜਾ ਉਹ ਕਈ ਚਿਰ ਬਾਅਦ ਤਕ ਵੀ ਆਪਣੇ ਬਾਲਗਾਂ ਲਈ ਨਹੀਂ ਸਨ ਕਰ ਸਕੇ। ਇਨਕਲਾਬ ਦੇ ਬਾਲਪਣ ਵਿਚ ਹੀ ਬਾਹਰੋਂ ਕਈਆਂ ਦੇਸਾਂ ਦੇ ਲੋਕ ਕਿਸੇ ਨਵੀਂ ਕਰਾਮਾਤ ਜਾਂ ਮੁਅਜਜ਼ੇ ਦੀਆਂ ਆਸਾਂ ਬੰਨ੍ਹ ਕੇ ਰੂਸ ਗਏ ਤੇ ਪੜਤਾਲ ਕਰਨ ਤੇ ਉਹਨਾਂ ਨੂੰ ਅਫ਼ਸੋਸ ਹੋਇਆ। ਜੀਕਰ ਹਿਮਾਲਾ ਪਰਬਤ ਤੋਂ ਧੁੰਦ ਦੇ ਇਕ ਦਮ ਉਠ ਜਾਣ ਨਾਲ ਹਰਿਆਵਲ ਦੀ ਦਿਲ-ਫ਼ਰੇਬ ਸੀਨਰੀ ਨਿਖਰਦੀ ਹੈ, ਏਕਰ ਹੀ ਉਹ ਆਸ ਕਰਦੇ ਸਨ ਕਿ ਇਨਕਲਾਬ ਦੇ ਧੁੰਦਲੇ ਘੁਸਮੁਸੇ ਵਿਚੋਂ ਇਕ-ਦਮ ਇਕ ਪੂਰਨ ਸਮਾਜ ਖਿੜਿਆ ਦਿਸੇਗਾ।

ਇਸ ਦੇ ਉਲਟ ਉਹਨਾਂ ਵੇਖਿਆ ਕਿ ਲੋਕ ਪੈਰੋਂ ਵਾਹਣੇ, ਚਾਰ ਚੁਫੇਰੇ ਗੋਡੇ ਗੋਡੇ ਗ਼ਰੀਬੀ ਦਾ ਚਿੱਕੜ, ਤੇ ਵਿਲ੍ਹੂ ਵਿਲ੍ਹੂ ਕਰਦੇ ਬਚਿਆਂ ਲਈ ਸਿਵਾਏ ਭੁੱਖ ਦੇ ਕੁਝ ਖਾਣ ਨੂੰ ਨਹੀਂ ਸੀ। ਤੇ ਜਦ ਇਹ ਲੋਕ ਆਪਣੇ ਦੇਸਾਂ ਨੂੰ ਮੁੜੇ ਤਾਂ ਆਪਣੇ ਹਮਵਤਨਾਂ ਨੂੰ ਇਹੀ ਦਸਿਆ ਕਿ ਇਸ ਸਾਰੀ ਤਬਾਹੀ ਦਾ ਦੋਸ਼ ਮਜ਼ਦੂਰ ਹਕੂਮਤ ਦੇ ਸਿਰ ਹੈ।

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.